# ਇਕੋ ਬਿਜ਼ਨਸ ਨੰਬਰ, ਸਰਕਾਰ ਨਾਲ ਵਰਤਣਾ ਤੇਜ਼ ਅਤੇ ਸੌਖਾ ਬਣਾਉਂਦਾ ਹੈ

ਇਕੋ ਬਿਜ਼ਨਸ ਨੰਬਰ ਪ੍ਰੋਜੈਕਟ ਦੇ ਲਾਗੂ ਹੋਣ ਨਾਲ ਨਵਾਂ ਬਿਜ਼ਨਸ ਸ਼ੁਰੂ ਕਰਨਾ ਜਾਂ ਬਿਜ਼ਨਸ ਵਿਚ ਤਬਦੀਲੀਆਂ ਕਰਨਾ ਬਹੁਤ ਸੌਖਾ ਹੋ ਜਾਵੇਗਾ। ਇਹ ਪ੍ਰੋਜੈਕਟ, ਬ੍ਰਿਟਿਸ਼ ਕੋਲੰਬੀਆ ਸਰਕਾਰ, ਕੈਨੇਡਾ ਰੈਵੇਨਿਊ ਏਜੰਸੀ (ਸੀ ਆਰ ਏ) ਅਤੇ ਹੋਰ ਸਰਕਾਰੀ ਏਜੰਸੀਆਂ ਦਾ ਇਕ ਸਾਂਝਾ ਉੱਦਮ ਹੈ। ਇਹ ਬ੍ਰਿਟਿਸ਼ ਕੋਲੰਬੀਆ ਵਿਚ ਬਿਜ਼ਨਸ ਸ਼ੁਰੂ ਕਰਨ ਅਤੇ ਚਲਾਉਣ ਲਈ ਚਾਹੀਦੀ ਬਿਜ਼ਨਸ ਰਜਿਸਟਰੇਸ਼ਨ ਅਤੇ ਹੋਰ ਪ੍ਰਬੰਧਕੀ ਕਾਰਜਾਂ ਨੂੰ ਸਰਲ ਬਣਾਏਗਾ।

ਇਸ ਪ੍ਰੋਜੈਕਟ ਦੀ ਕਾਮਯਾਬੀ ਦੀ ਕੁੰਜੀ ਬਿਜ਼ਨਸ ਨੰਬਰ (ਬੀ ਐੱਨ) ਦੀ ਵਰਤੋਂ ਹੈ ਜਿਹੜਾ ਕਿਸੇ ਬਿਜ਼ਨਸ ਅਤੇ ਇਸ ਦੇ ਬਹੁਤੇ ਸਰਕਾਰੀ ਅਕਾਊਂਟਾਂ ਦੀ ਪਛਾਣ, ਐੱਸ ਬੀ ਐੱਨ ਸਾਂਝੀਦਾਰੀ ਵਿਚ ਹਿੱਸਾ ਲੈਣ ਵਾਲੇ ਕਿਸੇ ਵੀ ਸਰਕਾਰੀ ਵਿਭਾਗ, ਏਜੰਸੀ ਜਾਂ ਸਰਕਾਰੀ ਅਦਾਰੇ ਨੂੰ ਦੱਸਦਾ ਹੈ।

ਬਿਜ਼ਨਸ ਵਾਲੇ ਲੋਕਾਂ, ਪ੍ਰੋਫੈਸ਼ਨਲ ਐਸੋਸੀਏਸ਼ਨਾਂ ਅਤੇ ਗਰੁੱਪਾਂ ਨੇ ਸਰਕਾਰ ਨੂੰ ਦੱਸਿਆ ਕਿ ਸਰਕਾਰ ਨਾਲ ਵਰਤਣ ਵੇਲੇ ਉਨ੍ਹਾਂ ਦੀ ਸੱਭ ਤੋਂ ਵੱਡੀ ਪਰੇਸ਼ਾਨੀ ਉਹ ਲਾਲ ਫੀਤਾਸ਼ਾਹੀ (ਰੈੱਡ ਟੇਪ) ਸੀ, ਜਿਸ ਦੇ ਵਿਚੀਂ ਉਨ੍ਹਾਂ ਨੂੰ ਆਪਣਾ ਬਿਜ਼ਨਸ ਰਜਿਸਟਰ ਕਰਵਾਉਣ ਲਈ ਲੰਘਣਾ ਪੈਂਦਾ ਸੀ। ਨਾ ਖਤਮ ਹੋਣ ਯੋਗ ਫਾਰਮਾਂ ਨੂੰ ਭਰਨ ਲਈ ਵੱਖ ਵੱਖ ਦਫਤਰਾਂ ਅਤੇ ਏਜੰਸੀਆਂ ਦੇ ਗੇੜੇ ਮਾਰਨ ਲਈ ਬਹੁਤ ਸਮਾਂ ਬਰਬਾਦ ਹੁੰਦਾ ਸੀ ਅਤੇ ਬਹੁਤ ਪਰੇਸ਼ਾਨੀ ਹੁੰਦੀ ਸੀ – ਜਿਹੜੇ ਸਾਰੇ ਫਾਰਮ ਇਕੋ ਜਿਹੀ ਹੀ ਮੁਢਲੀ ਜਾਣਕਾਰੀ ਮੰਗਦੇ ਸਨ। ਇਸ ਦੇ ਉੱਪਰ, ਵੱਖ ਵੱਖ ਏਜੰਸੀਆਂ ਕੋਲ ਆਪਣੇ ਬਿਜ਼ਨਸ ਦੀ ਪਛਾਣ ਕਰਵਾਉਣ ਲਈ ਉਨ੍ਹਾਂ ਨੂੰ ਕਈ ਵੱਖ ਵੱਖ ਨੰਬਰ ਅਤੇ ਕੋਡ ਦਿੱਤੇ ਜਾਂਦੇ ਸਨ।

ਬੀ ਸੀ ਵਿਚ ਨਵੇਂ ਤਰੀਕੇ ਨਾਲ ਬਿਜ਼ਨਸ ਕਰਨ ਲਈ ਤੁਹਾਡਾ ਸੁਆਗਤ ਹੈ। ਬਿਜ਼ਨਸਾਂ ਲਈ ਸਾਡਾ ਸੁਫਨਾ ਹੈ ਕਿ ਸਰਕਾਰ ਦੇ ਵੱਖ ਵੱਖ ਪੱਧਰਾਂ ਨਾਲ ਵਰਤਣ ਵੇਲੇ ਉਨ੍ਹਾਂ ਕੋਲ ਸਿਰਫ ਇਕ ਨੰਬਰ ਹੋਵੇ, ਜਿਹੜਾ ਕਿ ਉਨ੍ਹਾਂ ਨੂੰ ਇਕੋ ਥਾਂ ਤੋਂ ਮਿਲੇ, ਵੱਖ ਵੱਖ ਸਰਕਾਰੀ ਏਜੰਸੀਆਂ ਤੱਕ ਪਹੁੰਚ ਕਰਨ ਲਈ ਇਕ ਥਾਂ ਹੋਵੇ ਜਿਨ੍ਹਾਂ ਨਾਲ ਤੁਹਾਨੂੰ ਗੱਲਬਾਤ ਕਰਨ ਦੀ ਲੋੜ ਹੈ।

ਗਾਹਕ ਛੇਤੀ ਹੀ ਆਪਣੇ ਬਿਜ਼ਨਸ ਵੱਖ ਵੱਖ ਏਜੰਸੀਆਂ ਨਾਲ ਇਕੋ ਵੇਲੇ, ਇੰਟਰਨੈੱਟ ਤੇ ਆਪਣੇ ਘਰੋਂ, ਦਫਤਰੋਂ ਜਾਂ ਸੂਬੇ ਭਰ ਵਿਚ ਇੰਟਰਨੈੱਟ ਬੂਥਾਂ ਤੋਂ ਸੁਰੱਖਿਅਤ ਤਰੀਕੇ ਨਾਲ ਰਜਿਸਟਰ ਕਰਵਾਉਣ ਦੇ ਯੋਗ ਹੋਣਗੇ। ਬਿਜ਼ਨਸਾਂ ਦੇ ਮਾਲਕ ਇਹ ਚੀਜ਼ਾਂ ਕਰਨ ਦੇ ਯੋਗ ਹੋਣਗੇ:

- ਬਿਜ਼ਨਸ ਨੰਬਰ (ਬੀ ਐੱਨ) ਲੈਣਾ
- ਸੀ ਆਰ ਏ ਦੇ ਚਾਰ ਵੱਡੇ ਅਕਾਊਂਟਾਂ ਲਈ ਰਜਿਸਟਰ ਹੋਣਾ (ਜੀ ਐੱਸ ਟੀ/ਐੱਚ ਐੱਸ ਟੀ, ਕਾਰਪੋਰੇਟ ਇਨਕਮ ਟੈਕਸ, ਪੇਅਰੋਲ ਕਟੌਤੀਆਂ ਅਤੇ ਇਮਪੋਰਟ/ਐਕਸਪੋਰਟ ਟੈਕਸ)
- ਮਨਿਸਟਰੀ ਆਫ ਫਾਇਨੈਂਸ ਨਾਲ ਆਪਣੀ ਪ੍ਰੋਪਰਾਈਟਰਸ਼ਿਪ ਜਾਂ ਪਾਰਟਨਰਸ਼ਿਪ ਰਜਿਸਟਰ ਕਰਨਾ
- ਸੂਬਾਈ ਸੇਲਜ਼ ਟੈਕਸ ਅਤੇ ਹੋਟਲ ਰੂਮ ਟੈਕਸ ਅਕਾਊਂਟਾਂ ਲਈ ਮਨਿਸਟਰੀ ਆਫ ਪ੍ਰੋਵਿੰਸ਼ੀਅਲ ਰੈਵੇਨਿਊ ਨਾਲ ਰਜਿਸਟਰ ਹੋਣਾ
- ਵਰਕਰਜ਼ ਕੰਪਨਸੇਸ਼ਨ ਬੋਰਡ (ਡਬਲਯੂ ਸੀ ਬੀ) ਨਾਲ ਅਕਾਊਂਟ ਖੋਲ੍ਹਣਾ
- ਸੂਬੇ ਭਰ ਵਿਚ ਤਕਰੀਬਨ ਅੱਧੀਆਂ ਮਿਊਂਸਪਿਲਟੀਆਂ ਤੋਂ ਬਿਜ਼ਨਸ ਲਾਇਸੰਸ ਲੈਣਾ
- ਵੱਖ ਵੱਖ ਏਜੰਸੀਆਂ ਨਾਲ ਇਕੋ ਸਮੇਂ ਆਪਣਾ ਐਡਰੈਸ ਬਦਲਣਾ।

ਇਹ ਸੇਵਾਵਾਂ ਮਾਰਚ 2004 ਵਿਚ ਮੌਜੂਦ ਹੋਣਗੀਆਂ, ਅਤੇ ਆਉਂਦੇ ਮਹੀਨਿਆਂ ਵਿਚ ਸੂਬਾਈ ਸਰਕਾਰ, ਸਰਕਾਰ ਦੇ ਸਾਰੇ ਪੱਧਰਾਂ ਤੇ ਹੋਰ ਸਾਂਝੀਦਾਰ ਲੱਭਣਾ ਜਾਰੀ ਰੱਖੇਗੀ ਅਤੇ ਬੀ ਐੱਨ ਦੀ ਵਰਤੋਂ ਹੋਰ ਸਰਕਾਰੀ ਵਿਭਾਗਾਂ ਅਤੇ ਏਜੰਸੀਆਂ ਵਿਚ ਪੜਾਅਵਾਰ ਲਾਗੂ ਕਰੇਗੀ।

ਪ੍ਰੋਜੈਕਟ ਬਾਰੇ ਹੋਰ ਜਾਣਕਾਰੀ ਲੈਣ ਲਈ www.cse.gov.bc.ca/SBNP/ ਤੇ ਵੈੱਬਸਾਈਟ ਦੇਖੋ। ਜੇ ਭਵਿੱਖੀ ਸਾਂਝੀਦਾਰਾਂ ਬਾਰੇ ਤੁਹਾਡੇ ਮਨ ਵਿਚ ਕੋਈ ਸੁਝਾਅ ਹੋਵੇ ਤਾਂ ਕਿਰਪਾ ਕਰਕੇ ਮਾਈਕ ਕੈਲੀ ਨਾਲ 250-356-8657 ਤੇ ਸੰਪਰਕ ਕਰੋ। ਸੀ ਆਰ ਏ ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਹੋਰ ਜਾਣਕਾਰੀ ਲੈਣ ਲਈ www.cra.gc.ca. ਤੇ ਵੈੱਬਸਾਈਟ ਦੇਖੋ।

ਆਪਣਾ ਬਿਜ਼ਨਸ ਰਜਿਸਟਰ ਕਰੋ...ਸਿਰਫ ਇਕੋ ਬੈਠਕ ਵਿਚ, ਇਕੋ ਵੇਲੇ ਅਤੇ ਮਿੰਟਾਂ ਵਿਚ ਨਾ ਕਿ ਦਿਨਾਂ ਅਤੇ ਹਫਤਿਆਂ ਵਿਚ!